## ਮਿਤੀ 05.08.2009 ਨੂੰ ਮਾਨਯੋਗ ਸ਼੍ਰੀ ਤੀਕ਼ਸ਼ਨ ਸੂਦ, ਕਿਰਤ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋਈ ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈਲਫ਼ੇਅਰ ਬੋਰਡ ਦੀ ਮੀਟਿੰਗ ਦੀ ਕਾਰਵਾਈ ਰਿਪੋਰਟ:-

ਮਿਤੀ 05.08.2009 ਨੂੰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈਲਫ਼ੇਅਰ ਬੋਰਡ ਦੀ ਦੂਜੀ ਮੀਟਿੰਗ ਬੋਰਡ ਦੇ ਚੇਅਰਮੈਨ ਮਾਨਯੋਗ ਸ਼੍ਰੀ ਤੀਖਸ਼ਨ ਸੂਦ, ਕਿਰਤ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਸਵੇਰੇ 11.00 ਵਜੇ ਸਰਕਟ ਹਾਉਸ, ਸੈਕਟਰ 39, ਚੰਡੀਗੜ੍ਹ ਵਿਖੇ ਹੋਈ ਜਿਸ ਵਿੱਚ ਹੇਠ ਲਿਖੇ ਮੈਂਬਰਾਂ ਨੇ ਭਾਗ ਲਿਆ।

| | | |
|---|---|---|
| 1 | ਸ਼੍ਰੀ ਪੀ.ਰਾਮ, ਆਈ.ਏ.ਐਸ, ਪ੍ਰਮੁੱਖ ਸਕੱਤਰ ਕਿਰਤ | ਮੈਂਬਰ |
| 2 | ਸ਼੍ਰੀ ਰਮਿੰਦਰ ਸਿੰਘ, ਆਈ.ਏ.ਐਸ., ਕਿਰਤ ਕਮਿਸ਼ਨਰ, ਪੰਜਾਬ | ਮੈਂਬਰ ਸਕੱਤਰ |
| 3 | ਸ਼੍ਰੀ ਹਰਿੰਦਰ ਸਿੰਘ, ਸੁਪਰਿੰਟੈਂਡਿੰਗ ਇੰਜੀ. ਇਰੀਗੇਸ਼ਨ ਐਂਡ ਪਾਵਰ, | ਮੈਂਬਰ |
| 4 | ਕਰਤਾਰ ਸਿੰਘ ਰਾਠੌਰ, | ਮੈਂਬਰ |
| 5 | ਸ਼੍ਰੀ ਰਣਜੀਤ ਕੁਮਾਰ | ਮੈਂਬਰ |

ਮੀਟਿੰਗ ਦਾ ਆਰੰਭ ਬੋਰਡ ਦੇ ਮੈਂਬਰ ਸਕੱਤਰ -ਕਮ - ਕਿਰਤ ਕਮਿਸ਼ਨਰ, ਪੰਜਾਬ ਨੇ ਸਾਰੇ ਮੈਂਬਰ ਸਾਹਿਬਾਨ ਨੂੰ ਜੀ ਆਇਆਂ ਕਹਿ ਕੇ ਕੀਤਾ। ਉਨ੍ਹਾਂ ਨੇ ਚੇਅਰਮੈਨ ਜੀ ਨੂੰ ਦੱਸਿਆ ਕਿ ਮੀਟਿੰਗ ਵਿੱਚ 15 ਮੈਂਬਰਾਂ ਵਿੱਚੋਂ 6 ਮੈਂਬਰ ਹਾਜ਼ਰ ਹਨ ਇਸ ਲਈ ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਰੂਲਜ਼ ਦੇ ਰੂਲ 251 ਅਨੁਸਾਰ ਕੋਰਮ ਪੂਰਾ ਹੈ ਜਿਸ ਤੇ ਚੇਅਰਮੈਨ ਜੀ ਨੇ ਮੀਟਿੰਗ ਦੀ ਕਾਰਵਾਈ ਆਰੰਭ ਕਰਨ ਦਾ ਆਦੇਸ਼ ਦਿੱਤਾ ਜਿਸ ਤੇ ਮੈਂਬਰ ਸਕੱਤਰ ਨੇ ਏਜੰਡੇ ਦੀ ਹਰ ਮੱਦ ਨੂੰ ਹਾਜ਼ਰ ਮੈਂਬਰਾਂ ਨੂੰ ਪੜ੍ਹ ਕੇ ਸੁਣਾਇਆ ਜਿਨ੍ਹਾਂ ਤੇ ਮੈਂਬਰਾਂ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਨੂੰ ਧਿਆਨ ਵਿੱਚ ਰਖਦੇ ਹੋਏ ਹੇਠ ਅਨੁਸਾਰ ਨਿਰਣੇ ਲਏ ਗਏ:-

**ਆਈਟਮ ਨੰ. 1:- ਬੋਰਡ ਦੀ ਪਹਿਲੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ।**

ਬੋਰਡ ਦੀ ਮਿਤੀ 09.06.2009 ਨੂੰ ਹੋਈ ਪਹਿਲੀ ਮੀਟਿੰਗ ਦੀ ਕਾਰਵਾਈ ਸਾਰੇ ਮੈਂਬਰ ਸਾਇਬਾਨ ਨੂੰ ਪੱਤਰ ਮਿਤੀ 19.06.2009 ਰਾਹੀਂ ਸਰਕੁਲੇਟ ਕੀਤੀ ਗਈ ਸੀ ਜਿਸ ਬਾਰੇ ਕਿਸੇ ਮੈਂਬਰ ਪਾਸੋਂ ਕੋਈ ਇਤਰਾਜ਼ ਪ੍ਰਾਪਤ ਨਹੀ ਹੋਇਆ ਸੀ ਜਿਸ ਕਰਕੇ ਬੋਰਡ ਮੈਂਬਰਾਂ ਨੇ ਪਿੱਛਲੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ।

**ਆਈਟਮ ਨੰ. 2:- ਬੋਰਡ ਦੀ ਪਹਿਲੀ ਮੀਟਿੰਗ ਵਿੱਚ ਲਏ ਗਏ ਫ਼ੈਸਲਿਆਂ ਤੇ ਕੀਤੀ ਗਈ ਕਾਰਵਾਈ:-**

**2.1 ਜਾਣ ਪਹਿਚਾਣ:-**

ਇਸ ਮੱਦ ਰਾਹੀਂ ਬੋਰਡ ਮੈਂਬਰਾਂ ਨੂੰ ਕੇਵਲ ਐਕਟ ਅਤੇ ਰੂਲਾਂ ਬਾਰੇ ਮੁੱਢਲੀ ਜਾਣਕਾਰੀ ਦਿੱਤੀ ਗਈ ਸੀ।

**2.2 ਬੋਰਡ ਦੇ ਦਫ਼ਤਰ ਲਈ ਬਿਲਡਿੰਗ ਬਾਰੇ:**

ਪਤਵੰਤੇ ਮੈਂਬਰਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਬੋਰਡ ਦਾ ਕੰਮ ਆਂਸ਼ਕ ਤੌਰ ਤੇ ਇੰਡਸਟ੍ਰੀਅਲ ਟ੍ਰਿਬੂਨਲ ਪੰਜਾਬ ਵੱਲੋਂ ਖਾਲੀ ਕੀਤੀ ਸੈਕਟਰ 22 ਚੰਡੀਗੜ ਦੀ ਬਿਲਡਿੰਗ ਵਿੱਚੋਂ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ ਜਿੱਥੇ ਫ਼ਿਲਹਾਲ ਬੋਰਡ ਦੇ ਡਿਪਟੀ ਸਕੱਤਰ ਸ਼੍ਰੀ ਦੂਨੀ ਚੰਦ ਬਾਂਸਲ ਨੂੰ ਕਿਰਤ ਵਿਭਾਗ ਵਿੱਚੋਂ ਡੈਪੂਟੇਸ਼ਨ ਤੇ ਭਰਤੀ ਕਰਕੇ ਬਿਠਾਇਆ ਗਿਆ ਹੈ। ਬੋਰਡ ਮੈਂਬਰਾਂ ਨੇ ਇਸ ਦੀ ਪੁਸ਼ਟੀ ਕੀਤੀ।

ਮਾਨਯੋਗ ਕਿਰਤ ਮੰਤਰੀ ਜੀ ਨੇ ਸੁਝਾਅ ਦਿੱਤਾ ਕਿ ਬੋਰਡ ਦੀ ਆਪਣੀ ਬਿਲਡਿੰਗ ਹੋਣੀ ਚਾਹੀਦੀ ਹੈ। ਮੈਂਬਰ ਸਕੱਤਰ ਜੀ ਨੇ ਦੱਸਿਆ ਕਿ ਪੰਜਾਬ ਲੇਬਰ ਵੈਲਫ਼ੇਅਰ ਬੋਰਡ ਪਾਸ ਇੱਕ ਸੱਤ ਕਨਾਲ ਦਾ ਪਲਾਟ ਫ਼ੇਜ਼ 10 ਵਿਖੇ ਮੌਜੂਦ ਹੈ ਜਿਸ ਨੂੰ ਪੰਜਾਬ ਲੇਬਰ ਵੈਲਫ਼ੇਅਰ ਬੋਰਡ, ਕੰਸਟ੍ਰਕਸ਼ਨ ਵਰਕਰਜ਼ ਵੈਲਫ਼ੇਅਰ ਬੋਰਡ ਅਤੇ ਕਿਰਤ ਵਿਭਾਗ ਦੇ ਚੰਡੀਗੜ ਅਤੇ ਮੁਹਾਲੀ ਦੇ ਦਫ਼ਤਰਾਂ ਲਈ ਵਰਤਿਆ ਜਾ ਸਕਦਾ ਹੈ।ਪ੍ਰੰਤੂ ਨਾ ਤਾਂ ਪੰਜਾਬ ਲੇਬਰ ਵੈਲਫ਼ੇਅਰ ਬੋਰਡ ਪਾਸ ਜ਼ਿਆਦਾ ਫ਼ੰਡਜ਼ ਮੌਜੂਦ ਹਨ ਅਤੇ ਨਾ ਹੀ ਕੰਸਟ੍ਰਕਸ਼ਨ ਵਰਕਰਜ਼ ਵੈਲਫ਼ੇਅਰ ਬੋਰਡ ਵਿੱਚੋਂ ਐਕਟ ਦੀ ਧਾਰਾ 24(3) ਦੇ ਮੱਦੇਨਜ਼ਰ ਇਸ ਮੰਤਵ ਲਈ ਫ਼ਡਜ਼ ਖਰਚੇ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਪ੍ਰਾਵੀਡੈਂਟ ਫ਼ੰਡ ਵਿਭਾਗ ਦੀ ਬੇਨਤੀ ਪ੍ਰਾਪਤ ਹੋਈ ਹੈ ਕਿ ਉਨ੍ਹਾਂ ਨੂੰ ਆਪਣੇ ਦਫ਼ਤਰਾਂ ਲਈ ਮੁਹਾਲੀ ਵਿਖੇ ਬਿਲਡਿੰਗ ਦੀ ਜ਼ਰੂਰਤ ਹੈ ਅਤੇ ਜੇਕਰ ਉਨ੍ਹਾਂ ਨਾਲ ਭਾਈਵਾਲੀ ਕੀਤੀ ਜਾਵੇ ਤਾਂ ਉਹ ਕਿਰਤ ਵਿਭਾਗ, ਦੋਵੇਂ ਬੋਰਡਾਂ ਅਤੇ ਆਪਣੇ ਲਈ ਇਸ ਪਲਾਟ ਤੇ ਬਿਲਡਿੰਗ ਬਣਾ ਦੇਣਗੇ ਜਿਸ ਨੂੰ ਉਹ ਕੁਝ ਸਮੇਂ ਲਈ ਲੀਜ਼ ਤੇ ਲੈਣਗੇ ਅਤੇ ਇਸ ਤਰ੍ਹਾਂ ਵਿਭਾਗ ਜਾਂ ਬੋਰਡਾਂ ਨੂੰ ਕੋਈ ਬਿਲਡਿੰਗ ਬਨਾਉਣ ਲਈ ਖਰਚਾ ਵੀ ਨਹੀਂ ਕਰਨਾ ਪਵੇਗਾ ਅਤੇ ਵਾਧੂ ਆਮਦਨ ਦਾ ਜ਼ਰੀਆ ਵੀ ਬਣ ਸਕੇਗਾ। ਕਿਰਤ ਮੰਤਰੀ ਜੀ ਨੇ ਸੁਝਾਇਆ ਕਿ ਮੁਹਾਲੀ ਵਿਖੇ ਜੰਗਲਾਤ ਭਵਨ ਉਸਾਰਿਆ ਜਾ ਰਿਹਾ ਹੈ ਜੋ ਕਿ ਵਾਤਾਵਰਣ=ਮੈਤ੍ਰਿਕ ਹੈ। ਉਹ ਮਾਡਲ ਸਟਡੀ ਕਰ ਲੈਣਾ ਚਾਹੀਦਾ ਹੈ ਅਤੇ ਉਸਾਰੀ ਜਾਣ ਵਾਲੇ ਭਵਨ ਨੂੰ ਸ਼੍ਰਮ ਭਵਨ ਜਾਂ ਹੋਰ ਅਜਿਹਾ ਨਾਂਓ ਦੇਣਾ ਚਾਹੀਦਾ ਹੈ ਅਤੇ ਇਸ ਦੀ ਉਸਾਰੀ ਬਾਬਤ ਕਿਸੇ ਸੰਸਥਾ ਤੋਂ ਕਰਜ਼ਾ ਵੀ ਲਿਆ ਜਾ ਸਕਦਾ ਹੈ। ਇਸ ਸੰਬਧ ਵਿੱਚ ਬੋਰਡ ਨੇ ਮੈਂਬਰ ਸਕੱਤਰ ਨੂੰ ਅਧਿਕਾਰਤ ਕੀਤਾ ਕਿ ਇਸ ਪ੍ਰਾਜੈਕਟ ਨੂੰ ਸਟਡੀ ਕੀਤਾ ਜਾਵੇ ਅਤੇ ਰਿਪੋਰਟ ਅਗਲੀ ਮੀਟਿੰਗ ਵਿਚ ਪੇਸ਼ ਕੀਤੀ ਜਾਵੇ।

**2.3 ਬੋਰਡ ਦੇ ਸਕੱਤਰ ਦੀ ਨਿਯੁਕਤੀ ਕਰਨ ਬਾਰੇ:-**

ਮੈਂਬਰਾਂ ਦੇ ਧਿਆਨ ਹਿੱਤ ਲਿਆਂਦਾ ਗਿਆ ਕਿ ਕਿਰਤ ਕਮਿਸ਼ਨਰ, ਪੰਜਾਬ ਨੂੰ ਪੱਕੇ ਤੌਰ ਤੇ ਬੋਰਡ ਦਾ ਮੈਂਬਰ ਨਾਮਜ਼ਦ ਕਰਨ ਹਿੱਤ ਰੂਲਾਂ ਵਿੱਚ ਸੋਧ ਕਰਨ ਲਈ ਰੂਲ

258 ਦਾ ਸੋਧਿਆ ਖਰੜਾ ਸਰਕਾਰ ਦੀ ਪ੍ਰਵਾਨਗੀ ਅਤੇ ਅਧਿਸੂਚਨਾ ਹਿੱਤ ਭੇਜਿਆ ਹੋਇਆ ਹੈ ਜਿਸ ਬਾਰੇ ਪ੍ਰਮੁੱਖ ਸਕੱਤਰ ਕਿਰਤ ਜੀ ਨੇ ਟਿੱਪਣੀ ਕਰਦੇ ਹੋਏ ਕਿਹਾ ਕਿ ਇਸ ਦਾ ਪਿੱਛਾ ਕਰਕੇ ਸਿਰੇ ਚੜਾਇਆ ਜਾਵੇ।

**2.4 ਬੋਰਡ ਦੀ ਸਟਾਫ਼ ਦੀ ਭਰਤੀ ਬਾਰੇ:-**

2.4.1 ਮੈਂਬਰਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਠੇਕੇ ਤੇ ਬੋਰਡ ਦੀਆਂ ਅਸਾਮੀਆਂ ਭਰਨ ਬਾਬਤ ਵਿੱਤ ਵਿਭਾਗ ਪਾਸੋਂ ਲੋੜੀਂਦੀਆਂ ਹਦਾਇਤਾਂ ਦੀ ਮੰਗ ਕੀਤੀ ਗਈ ਹੈ ਜਿਸ ਤੇ ਮੈਂਬਰ ਸਾਹਿਬਾਨ ਨੇ ਪੱਤਰ ਦਾ ਪਿੱਛਾ ਕਰਕੇ ਹਦਾਇਤਾਂ ਪ੍ਰਾਪਤ ਕਰਨ ਲਈ ਕਿਹਾ। ਪ੍ਰਮੁੱਖ ਸਕੱਤਰ ਜੀ ਨੇ ਟਿੱਪਣੀ ਕੀਤੀ ਕਿ ਭਰਤੀ ਅਖਬਾਰਾਂ ਵਿੱਚ ਇਸ਼ਤਿਹਾਰ ਆਦਿ ਦੇ ਕੇ ਕਰ ਲੈਣੀ ਚਾਹੀਦੀ ਹੈ ਅਤੇ ਨਿਯੁਕਤੀ ਪੱਤਰ ਵਿੱਚ ਸੇਵਾ-ਸ਼ਰਤਾਂ ਬਾਰੇ ਬਣਨ ਵਾਲੀਆਂ ਰੈਗੂਲਸ਼ਨਜ਼ ਦੀ ਸ਼ਰਤ ਪਾ ਦੇਣੀ ਚਾਹੀਦੀ ਹੈ।

2.4.2 ਇਕ ਜੂਨੀਅਰ ਸਕੇਲ ਸਟੈਨੋਗ੍ਰਾਫ਼ਰ ਅਤੇ ਇਕ ਟਾਈਪਿਸਟ ਦੀ ਅਸਾਮੀ ਡੈਪੁਟੇਸ਼ਨ ਤੇ ਭਰਨ ਬਾਬਤ ਪ੍ਰਮੁੱਖ ਸਕੱਤਰ ਜੀ ਨੇ ਕਿਹਾ ਕਿ ਇਹ ਆਪਸ਼ਨ ਵਿਭਾਗਾਂ, ਕਾਰਪੋਰੇਸ਼ਨਾਂ ਅਤੇ ਬੋਰਡਾਂ ਪਾਸੋਂ ਤੁਰੰਤ ਮੰਗ ਕੇ ਅਸਾਮੀਆਂ ਭਰ ਲੈਣੀਆਂ ਚਾਹੀਦੀਆਂ ਹਨ। ਕੋਈ ਆਪਸ਼ਨ ਨਾ ਆਉਣ ਦੀ ਸੂਰਤ ਵਿੱਚ ਇਹ ਅਸਾਮੀਆਂ ਠੇਕੇ ਤੇ ਭਰ ਲੈਣੀਆਂ ਚਾਹੀਦੀਆਂ ਹਨ।

2.4.3 ਪ੍ਰਮੁੱਖ ਸਕੱਤਰ ਕਿਰਤ ਜੀ ਨੇ ਸੁਝਾਇਆ ਕਿ ਬੋਰਡ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਸੇਵਾਵਾਂ-ਸ਼ਰਤਾਂ ਬਾਬਤ ਰੈਗੂਲੇਸ਼ਨਜ਼ ਬਣਾਉਂਦੇ ਸਮੇਂ ਹਰਿਆਣਾ ਬੋਰਡ ਜਾਂ ਹੋਰ ਬੋਰਡਾਂ ਦੀਆਂ ਬਣਾਈਆਂ ਰੈਗੂਲੇਸ਼ਨਜ਼ ਨੂੰ ਇਸ ਬਾਬਤ ਅਧਿਐਨ ਕਰਕੇ ਵਿਚਾਰ ਲੈਣਾ ਵੀ ਉਚਿਤ ਹੋਵੇਗਾ।

**2.5 ਬੋਰਡ ਦੇ ਸਾਜ਼ੋ-ਸਮਾਨ ਦੀ ਖਰੀਦ ਕਰਨ ਬਾਰੇ:-**

ਪਤਵੰਤੇ ਮੈਂਬਰਾਂ ਨੂੰ ਦੱਸਿਆ ਗਿਆ ਕਿ ਉਨ੍ਹਾਂ ਸੰਮੁਖ ਇਸ ਬਾਬਤ ਏਜੰਡਾ ਆਇਟਮ ਨੰ. 4.1 ਪੇਸ਼ ਕੀਤੀ ਗਈ ਹੈ ਜਿਸ ਤੇ ਉਨ੍ਹਾਂ ਵੱਲੋਂ ਨਿਰਣੇ ਲਿਆ ਜਾਣਾ ਹੈ।

**2.6 ਸਾਫ਼ਟਵੇਅਰ ਬਨਾਉਣ ਬਾਰੇ:-**

2.6.1 ਇਸ ਬਾਬਤ ਪ੍ਰਮੁੱਖ ਸਕੱਤਰ ਜੀ ਨੇ ਹਦਾਇਤ ਕੀਤੀ ਕਿ ਡਾਇਰੈਕਟਰ ਇੰਨਫ਼ਰਮੇਸ਼ਨ ਟੈਕਨੌਲੋਜੀ ਨਾਲ ਮੀਟਿੰਗ ਕਰ ਕੇ ਪੁੱਛ ਲਿਆ ਜਾਵੇ ਕਿ ਕੀ ਉਹ ਲੋੜੀਂਦਾ ਸਾਫ਼ਟਵੇਅਰ ਤਿਆਰ ਕਰ ਸਕਣਗੇ? ਜੇਕਰ ਨਹੀ ਤਾਂ ਦਿੱਲੀ ਬੋਰਡ ਜਾਂ ਹੋਰ ਅਜਿਹੀਆਂ ਸੰਸਥਾਵਾਂ ਨੂੰ ਇਸ ਬਾਬਤ ਸੰਪਰਕ ਕੀਤਾ ਜਾਵੇ।

2.6.2 ਪ੍ਰਮੁੱਖ ਸਕੱਤਰ ਕਿਰਤ ਜੀ ਨੇ ਸੁਝਾਆ ਦਿੱਤਾ ਕਿ ਰਾਸ਼ਟ੍ਰੀਆ ਸਵਾਸਥ ਬੀਮਾ ਯੋਜਨਾ ਅਧੀਨ ਬਣਾਏ ਜਾਣ ਵਾਲੇ ਸਮਾਰਟ ਕਾਰਡ ਨੂੰ ਸ਼ਿਨਾਖਤੀ

ਕਾਰਡ ਵੱਜੋਂ ਵਰਤੇ ਜਾਣ ਸੰਬੰਧੀ ਸੰਭਾਵਨਾ ਬਾਰੇ ਉਨ੍ਹਾਂ ਦਾ ਸਾਫ਼ਟਵੇਅਰ ਚੈਕ ਕਰ ਲਿਆ ਜਾਵੇ। ਇਸ ਸੰਬੰਧੀ ਅਤੇ ਬੋਰਡ ਦੀਆਂ ਚਲਾਈਆਂ ਜਾਣ ਵਾਲੀਆਂ ਸਕੀਮਾਂ ਹੋਰ ਰਾਜਾਂ ਵੱਲੋਂ ਇਸ ਤਰ੍ਹਾਂ ਚਲਾਈਆਂ ਜਾ ਰਹੀਆਂ ਹਨ ਓਤੇ ਹੋਰ ਕੰਮ-ਕਾਜ ਬਾਰੇ ਇਕ ਸਟਡੀ ਕਰ ਲਈ ਜਾਵੇ। ਬੋਰਡ ਨੇ ਇਸ ਮੰਤਵ ਲਈ ਸ੍ਰੀ ਰਮਿੰਦਰ ਸਿੰਘ, ਮੈਂਬਰ ਸਕੱਤਰ, ਸ੍ਰੀ ਕਰਤਾਰ ਸਿੰਘ ਰਾਠੌਰ, ਮੈਂਬਰ ਅਤੇ ਸ੍ਰੀ ਜੇਕਬ ਪ੍ਰਤਾਪ, ਸਹਾਇਕ ਕਿਰਤ ਕਮਿਸ਼ਨਰ (ਸਦਰ) ਦੀ ਇਕ ਟੀਮ ਗਠਿਤ ਕੀਤੀ ਜੋ ਮਹਾਰਸ਼ਟਰ, ਕੇਰਲਾ, ਮਧਿਆ-ਪ੍ਰਦੇਸ਼ ਅਤੇ ਦਿੱਲੀ ਵਰਗੇ ਰਾਜਾਂ ਵਿਖੇ ਦੌਰਾ ਕਰਕੇ ਇਸ ਬਾਬਤ ਸਟਡੀ ਕਰਨ ਉਪਰੰਤ ਆਪਣੀ ਰਿਪੋਰਟ ਪੇਸ਼ ਕਰੇਗੀ।

**2.7 ਬੋਰਡ ਦਾ ਅਕਾਉਂਟ ਆਪਰੇਟ ਕਰਨ ਬਾਰੇ:-**

2.7.1 ਮੈਂਬਰ ਸਕੱਤਰ ਨੇ ਦੱਸਿਆ ਕਿ ਬੋਰਡ ਦੇ ਡੀ.ਡੀ.ਓ ਦੀਆਂ ਸ਼ਕਤੀਆਂ ਦੀ ਵਰਤੋਂ ਕਰਨ ਬਾਬਤ ਏਜੰਡਾ ਆਈਟਮ ਨੰ. 5 ਬੋਰਡ ਮੈਂਬਰਾਂ ਦੇ ਪ੍ਰੇਖਣ ਹਿੱਤ ਤਜਵੀਜ਼ ਦਿੱਤੀ ਗਈ ਹੈ।

2.7.2 ਬੋਰਡ ਦੀਆਂ ਰੋਜ਼-ਮੱਰਰਾ ਦੀਆਂ ਜ਼ਰੂਰਤਾਂ ਲਈ ਪਹਿਲਾਂ ਹੀ ਇਸ ਸੰਬੰਧ ਵਿਚ ਬੋਰਡ ਨੇ ਮੈਂਬਰ ਸਕੱਤਰ ਅਧਿਕਾਰਤ ਕੀਤਾ ਹੋਇਆ ਹੈ। ਮੈਂਬਰ ਸਕੱਤਰ ਨੇ ਕਿਹਾ ਕਿ ਇਸ ਬਾਰੇ ਉਹ ਸਮੇਂ-ਸਮੇਂ ਸਿਰ ਕਾਰਵਾਈ ਕਰਦੇ ਰਹਿਣਗੇ।

2.7.3 ਪਤਵੰਤੇ ਮੈਂਬਰਾਂ ਨੂੰ ਦੱਸਿਆ ਗਿਆ ਕਿ ਉਨ੍ਹਾਂ ਸੰਮੁਖ ਇਸ ਬਾਬਤ ਸਪਲੀਮੈਂਟਰੀ ਏਜੰਡਾ ਆਇਟਮ ਨੰ. 1 ਪੇਸ਼ ਕੀਤੀ ਗਈ ਹੈ ਜਿਸ ਤੇ ਉਨ੍ਹਾਂ ਵੱਲੋਂ ਨਿਰਣੇ ਲਿਆ ਜਾਣਾ ਹੈ।

**2.8 ਕਿਰਤੀਆਂ ਨੂੰ ਬਤੌਰ ਲਾਭਪਾਤਰੀ ਰਜਿਸਟਰ ਕਰਨ ਅਤੇ ਬੋਰਡ ਦੀਆਂ ਸਕੀਮਾਂ ਚਲਾਉਣ ਲਈ ਕਿਰਤ ਵਿਭਾਗ ਦੇ ਅਧਿਕਾਰੀਆਂ ਨੂੰ ਅਧਿਕਾਰਤ ਕਰਨ ਬਾਰੇ:-**

2.8.1 ਇਸ ਬਾਰੇ ਬੋਰਡ ਮੈਂਬਰਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਕਿਰਤ ਵਿਭਾਗ ਦੇ ਅਧਿਕਾਰੀਆਂ ਨੂੰ ਉਸਾਰੀ ਕਿਰਤੀਆਂ ਨੂੰ ਬਤੌਰ ਲਾਭਪਾਤਰੀ ਰਜਿਸਟਰ ਕਰਨ ਅਤੇ ਬੋਰਡ ਦੀਆਂ ਸਕੀਮਾਂ ਚਲਾਉਣ ਲਈ ਅਧਿਕਾਰਤ ਕਰਨ ਬਾਰੇ ਸਰਕਾਰ ਨੂੰ ਪੱਤਰ ਲਿਖਿਆ ਹੋਇਆ ਹੈ ਜਿਸ ਤੇ ਪ੍ਰਮੁੱਖ ਸਕੱਤਰ ਜੀ ਨੇ ਉਸ ਬਾਰੇ ਪਿੱਛਾ ਕਰਕੇ ਸਿਰੇ ਚੜ੍ਹਾਉਣ ਲਈ ਕਿਹਾ।

2.8.2 ਬੋਰਡ ਨੂੰ ਜਾਣੂ ਕਰਵਾਇਆ ਗਿਆ ਕਿ ਇਸ ਸਮੇਂ ਤਕਰੀਬਨ 500 ਕਿਰਤੀ ਬਤੌਰ ਬੋਰਡ-ਫ਼ੰਡ ਦੇ ਲਾਭਪਾਤਰੀਆਂ ਵੱਜੋਂ ਰਜਿਸਟਰਡ ਕੀਤੇ ਜਾ ਚੁੱਕੇ ਹਨ। ਇਸ ਤੇ ਮਾਨਯੋਗ ਚੇਅਰਮੈਨ ਨੇ ਚਿੰਤਾ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਇਸ ਨਫ਼ਰੀ ਨੂੰ ਤੁਰੰਤ ਵਧਾਉਣ ਦੀ ਲੋੜ ਹੈ ਇਸ

ਲਈ ਫ਼ੀਲਡ ਅਧਿਕਾਰੀਆਂ ਨੂੰ ਵੱਧ ਤੋਂ ਵੱਧ ਉਸਾਰੀ ਕਿਰਤੀਆਂ ਨੂੰ ਬਤੌਰ ਲਾਭਪਾਤਰੀਆਂ ਰਜਿਸਟਰ ਕਰਨ ਲਈ ਹਦਾਇਤ ਕਰਨ ਲਈ ਕਿਹਾ। ਪ੍ਰਮੁੱਖ ਸਕੱਤਰ, ਕਿਰਤ ਜੀ ਹਦਾਇਤ ਕੀਤੀ ਕਿ ਇਸ ਸੰਬੰਧੀ ਪ੍ਰਗਤੀ ਰਿਪੋਰਟ ਉਨ੍ਹਾਂ ਨੂੰ ਹਰ 15 ਦਿਨਾਂ ਬਾਦ ਭੇਜੀ ਜਾਵੇ।

2.8.3 ਪ੍ਰਮੁੱਖ ਸਕੱਤਰ, ਕਿਰਤ ਜੀ ਨੇ ਸੁਝਾਅ ਦਿੱਤਾ ਕਿ ਲਾਭਪਾਤਰੀਆਂ ਦੀ ਸ਼ਿਨਾਖਤ ਕਰਨ ਲਈ ਡਵੈਲਪਮੈਂਟ ਵਿਭਾਗ, ਮਾਲ ਵਿਭਾਗ,ਸਹਿਕਾਰੀ ਵਿਭਾਗ ਅਧੀਨ ਰਜਿਸਟਰਡ ਹੋਈਆਂ ਉਸਾਰੀ ਯੂਨੀਅਨਾਂ ਦਾ ਸਹਿਯੋਗ ਲਿਆ ਜਾਵੇ।

**2.9 ਕਿਰਤੀਆਂ ਦਾ ਅੰਸ਼ਦਾਨ ਪ੍ਰਾਪਤ ਕਰਨ ਲਈ ਨਵਾਂ ਬੈਂਕ ਖਾਤਾ ਖੋਲਣ ਬਾਰੇ:-**

ਇਸ ਬਾਰੇ ਮੈਂਬਰ ਸਕੱਤਰ ਨੇ ਬੋਰਡ ਮੈਂਬਰਾਂ ਦੇ ਧਿਆਨ ਵਿੱਚ ਲਿਆਂਦਾ ਕਿ ਸਰਕਾਰ ਨੂੰ ਇਸ ਬਾਬਤ ਪ੍ਰਵਾਨਗੀ ਲੈਣ ਲਈ ਪੱਤਰ ਲਿਖਿਆ ਹੋਇਆ ਹੈ ਜਿਸ ਤੇ ਪ੍ਰਮੁੱਖ ਸਕੱਤਰ ਜੀ ਨੇ ਉਸ ਦਾ ਪਿੱਛਾ ਕਰਕੇ ਸਿਰੇ ਚੜ੍ਹਾਉਣ ਲਈ ਕਿਹਾ।

**2.10 ਕਿਰਤੀਆਂ ਦੀਆਂ ਭਲਾਈ ਸਕੀਮਾਂ ਦਾ ਪ੍ਰਚਾਰ ਕਰਨ ਬਾਰੇ:-**

2.10.1 ਐਕਟ ਦੇ ਉਪਬੰਧਾਂ, ਨਿਅਮਾਂ ਅਤੇ ਕਿਰਤੀਆਂ ਲਈ ਭਲਾਈ ਸਕੀਮਾਂ ਲੋਕਾਂ ਅਤੇ ਲਾਭਪਾਤਰੀਆਂ ਦੀ ਜਾਣਕਾਰੀ ਹਿੱਤ ਲਿਆਉਣ ਬਾਰੇ ਚੇਅਰਮੈਨ ਜੀ ਨੇ ਕਿਹਾ ਕਿ ਇਸ ਸੰਬੰਧ ਵਿੱਚ ਕੀਤੇ ਜਾਣ ਵਾਲੇ ਪ੍ਰਚਾਰ ਜਿਵੇਂ ਕਿ ਪੋਸਟਰ, ਰੇਡੀਓ, ਅਖਬਾਰਾਂ ਅਤੇ ਬੁਕਲੈਟ ਆਦਿ ਲਈ ਸ਼ਬਦਾਵਲੀ ਅਤੇ ਸਮਗਰੀ ਢੁਕਵੀਂ, ਆਕਰਸ਼ਕ ਅਤੇ ਉੱਚ ਪੱਧਰੀ ਹੋਣੀ ਚਾਹੀਦੀ ਹੈ ਅਤੇ ਇਹ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਹੋਣੀ ਚਾਹੀਦੀ ਹੈ।

2.10.2 ਪ੍ਰਮੁੱਖ ਸਕਤਰ, ਕਿਰਤ ਜੀ ਨੇ ਇਹ ਵੀ ਚਾਹਿਆ ਕਿ ਇਸ ਬੋਰਡ ਬਾਰੇ ਲੋਕਾਂ ਨੂੰ ਜਾਣੂ ਕਰਵਾਉਣ ਹਿੱਤ ਰਾਜ ਦੇ ਸਾਰੇ ਜ਼ਿਲਿਆਂ ਵਿੱਚ ਜਾਗਰੂਕਤਾ ਕੈਂਪ ਲਗਾਏ ਜਾਣ ਜਿਨ੍ਹਾਂ ਵਿਚ ਜ਼ਿਲਾ ਪੱਧਰ ਦੇ ਅਧਿਕਾਰੀਆਂ, ਰਾਜਨੀਤਕ ਪਾਰਟੀਆਂ ਦੇ ਲੀਡਰਾਂ ਅਤੇ ਕਿਰਤੀ ਯੂਨੀਅਨਾਂ ਦੇ ਪ੍ਰਤਿਨਿਧੀਆਂ ਨੂੰ ਸੱਦਾ ਦਿੱਤਾ ਜਾਵੇ ਅਤੇ ਜ਼ਿਆਦਾ ਤੋਂ ਜ਼ਿਆਦਾ ਪਬਲਿਸਿਟੀ ਮਟੀਰੀਅਲ ਇਨ੍ਹਾਂ ਕੈਂਪਾਂ ਵਿਖੇ ਵੰਡਿਆ ਜਾਵੇ। ਅਜਿਹੇ ਸਮਾਰੋਹਾਂ ਵਿੱਚ ਪਬਲਿਕ ਰਿਲੇਸ਼ਨਜ਼ ਵਿਭਾਗ ਨੂੰ ਵੀ ਸੱਦਾ ਦਿਤਾ ਜਾਣਾ ਚਾਹੀਦਾ ਹੈ ਤਾਂ ਜੋ ਬੋਰਡ ਅਤੇ ਇਸ ਦੀਆਂ ਭਲਾਈ ਸਕੀਮਾਂ ਬਾਰੇ ਵੱਧ ਤੋਂ ਵੱਧ ਪ੍ਰਚਾਰ ਹੋ ਸਕੇ।

**2.11 ਕਿਰਤੀਆਂ ਲਈ ਭਲਾਈ ਸਕੀਮਾਂ ਚਲਾਉਣ ਬਾਰੇ:-**

ਮੈਂਬਰ ਸਕੱਤਰ ਨੇ ਬੋਰਡ ਦੇ ਪਤਵੰਤੇ ਮੈਂਬਰਾਂ ਨੂੰ ਦੱਸਿਆ ਗਿਆ ਕਿ ਕਿਰਤੀਆਂ ਲਈ ਭਲਾਈ ਸਕੀਮਾਂ ਵਿਸਥਾਰ-ਪੂਰਵਕ ਬਣਾਉਣ ਬਾਬਤ ਇਕ ਕਮੇਟੀ ਗਠਿਤ

ਕਰ ਦਿੱਤੀ ਗਈ ਹੈ। ਮਾਨਯੋਗ ਕਿਰਤ ਮੰਤਰੀ ਜੀ ਨੇ ਚਾਹਿਆ ਕਿ ਇਹ ਕਮੇਟੀ ਮਿਤੀ 31.08.2009 ਤੱਕ ਆਪਣੀ ਰਿਪੋਰਟ ਪੇਸ਼ ਕਰੇ।

**2.12 ਸ਼ਪਲੀਮੈਂਟਰੀ ਆਇਟਮ ਨੰ. 1:-ਕਿਰਤੀਆਂ ਵੱਲੋਂ ਲਏ ਜਾਣ ਵਾਲਾ ਅੰਸ਼ਦਾਨ ਨਿਰਧਾਰਤ ਕਰਨ ਬਾਰੇ:-**

ਮੈਂਬਰ ਸਕੱਤਰ ਨੇ ਬੋਰਡ ਮੈਂਬਰਾਂ ਨੂੰ ਦੱਸਿਆ ਕਿ ਕਿਰਤੀਆਂ ਪਾਸੋਂ 10/- ਰੁਪਏ ਪ੍ਰਤੀ ਮਹੀਨਾਂ ਅੰਸ਼ਦਾਨ ਲੈਣ ਬਾਬਤ ਪੱਤਰ ਲਿਖਿਆ ਗਿਆ ਹੈ ਅਤੇ ਨੋਟੀਫ਼ਿਕੇਸ਼ਨ ਦਾ ਖ਼ਰੜਾ ਸਰਕਾਰ ਦੀ ਕਾਰਵਾਈ ਹਿੱਤ ਭੇਜਿਆ ਹੋਇਆ ਹੈ। ਇਸ ਤੇ ਪ੍ਰਮੁੱਖ ਸਕੱਤਰ ਕਿਰਤ ਜੀ ਵੱਲੋਂ ਟਿੱਪਣੀ ਕੀਤੀ ਗਈ ਕਿ ਇਸ ਨੂੰ ਪਿੱਛਾ ਕਰਕੇ ਜਲਦ ਕਰਵਾ ਲਿਆ ਜਾਵੇ ਅਤੇ ਜੇਕਰ ਮਾਮਲਾ ਲੀਗਲ ਰਿੰਮੈਂਮਬਰੈਂਸਰ, ਪੰਜਾਬ ਦੇ ਦਫ਼ਤਰ ਵਿਖੇ ਲੰਬਿਤ ਹੈ ਤਾਂ ਉਨ੍ਹਾਂ ਨਾਲ ਸੰਪਰਕ ਕਰਕੇ ਨੋਟੀਫ਼ਿਕੇਸ਼ਨ ਜਲਦੀ ਕਰਵਾਈ ਜਾਵੇ।

2.12.1 **ਸ਼ਪਲੀਮੈਂਟਰੀ ਆਇਟਮ ਨੰ. 2:- ਬੋਰਡ ਮੈਂਬਰਾਂ ਨੂੰ ਮੀਟਿੰਗ ਵਿੱਚ ਭਾਗ ਲੈਣ ਲਈ ਫ਼ੀਸ ਤੇ ਭੱਤੇ ਦੇਣ ਬਾਰੇ:-** ਇਸ ਬਾਰੇ ਮੈਂਬਰ ਸਕੱਤਰ ਨੇ ਬੋਰਡ ਦੇ ਪਤਵੰਤੇ ਮੈਂਬਰਾਂ ਨੂੰ ਦੱਸਿਆ ਕਿ ਮੈਂਬਰਾਂ ਲਈ ਇਸ ਸੰਬੰਧੀ ਫ਼ਾਰਮ ਆਦਿ ਤਿਆਰ ਕਰ ਲਏ ਗਏ ਹਨ। ਉਨ੍ਹਾਂ ਨੇ ਮੈਂਬਰਾਂ ਨੂੰ ਇਹ ਫ਼ਾਰਮ ਭਰ ਕੇ ਦੇਣ ਲਈ ਬੇਨਤੀ ਕੀਤੀ ਤਾਂ ਜੋ ਉਨ੍ਹਾਂ ਨੂੰ ਨਿਸ਼ਚਿਤ ਕੀਤੀ ਫ਼ੀਸ ਅਤੇ ਭੱਤਿਆਂ ਦੀ ਅਦਾਇਗੀ ਕੀਤੀ ਜਾ ਸਕੇ।

2.12.2 **ਉਸਾਰੀ ਕਿਰਤੀਆਂ ਦੇ ਸਕਿਲ ਅਪਗ੍ਰੇਡੇਸ਼ਨ ਬਾਬਤ ਸਕੀਮ ਤਿਆਰ ਕਰਨ ਬਾਬਤ:-** ਇਸ ਬਾਰੇ ਮੈਂਬਰ ਸਕੱਤਰ ਨੇ ਬੋਰਡ ਦੇ ਮੈਂਬਰਾਂ ਨੂੰ ਦੱਸਿਆ ਕਿ ਪੰਜਾਬ ਸਟੇਟ ਕੌਂਸਿਲ ਫ਼ਾਰ ਸਾਂਇੰਸ ਐਂਡ ਟੈਕਨੋਲੋਜੀ ਦੇ ਪੂਰਵ ਡਾਇਰੈਕਟਰ ਡਾ. ਐਨ.ਐਸ.ਟਿਵਾਣਾ ਜੀ ਨੂੰ ਇਸ ਬਾਬਤ ਸਕੀਮ ਬਣਾਉਣ ਲਈ ਪੱਤਰ ਲਿਖਆ ਗਿਆ ਹੈ ਅਤੇ ਜਲਦੀ ਹੀ ਉਨ੍ਹਾਂ ਨਾਲ ਮਿਲ ਕੇ ਸਕੀਮ ਦੇ ਵੇਰਵੇ ਪ੍ਰਾਪਤ ਕਰ ਲਏ ਜਾਣਗੇ।

**ਆਈਟਮ ਨੰ. 3:- ਬੋਰਡ ਵਿੱਚ ਭਰਤੀ ਕੀਤੇ ਜਾਣ ਵਾਲੇ ਸਟਾਫ਼ ਦੀਆਂ ਵਿਦਿਓਕ ਯੋਗਤਾਵਾਂ ਅਤੇ ਤਜਰਬਿਆਂ ਵਿੱਚ ਸੋਧ ਕਰਨ ਬਾਰੇ:-**

ਬੋਰਡ ਦੇ ਓ.ਐਸ.ਡੀ/ਸਲਾਹਕਾਰ ਦੀ ਜੋ ਅਸਾਮੀ ਬੋਰਡ ਨੇ ਮੀਟਿੰਗ ਮਿਤੀ 09.06.2009 ਰਾਹੀਂ ਮੰਜ਼ੂਰ ਕੀਤੀ ਗਈ ਸੀ ਉਸ ਵਿੱਚ ਉਮੀਦਵਾਰ ਦੀ ਵਿਦਿਅਕ ਯੋਗਤਾ ਕੇਵਲ ਸੈਕੰਡ ਕਲਾਸ ਗ੍ਰੈਜੁਏਟ ਹੋਣਾ ਰੱਖੀ ਗਈ ਸੀ ਜੋ ਅਸਾਮੀ ਦੀ ਮਹੱਤਤਾ ਨੂੰ ਵਿਚਾਰਦੇ ਹੋਏ ਘੱਟ ਜਾਪਦੀ ਸੀ, ਜਿਸ ਵਿੱਚ ਵਾਧਾ ਕਰਨ ਦਾ ਪ੍ਰਸਤਾਵ ਇਸ ਏਜੰਡਾ ਆਈਟਮ ਵਿੱਚ ਰੱਖਿਆ ਗਿਆ ਸੀ ਜਿਸ ਵਿੱਚ ਉਸ ਦੀ ਵਿਦਿਅਕ ਯੋਗਅਤਾ ਘੱਟੋ-ਘੱਟ ਪੋਸਟ ਗ੍ਰੇਜੁਏਟ ਹੋਣਾ ਅਤੇ ਉਸ ਪਾਸ ਰਾਜ ਪੱਧਰ ਦੇ

ਗ੍ਰੇਡ-1 ਅਤੇ 2 ਦੀ ਅਸਾਮੀ ਤੇ ਕੰਮ ਕਰਨ ਦਾ ਘੱਟੋ-ਘੱਟ 12 ਸਾਲ ਦੇ ਤਜਰਬੇ ਦਾ ਹੋਣਾ ਰੱਖਿਆ ਗਿਆ ਸੀ ਜਿਸ ਨੂੰ ਬੋਰਡ ਮੈਂਬਰਾਂ ਨੇ ਸਰਵ-ਸੰਮਤੀ ਨਾਲ ਪਾਸ ਕਰ ਦਿੱਤਾ।

**ਆਈਟਮ ਨੰ. 4:- ਬੋਰਡ ਦੇ ਸਾਜ਼ੋ-ਸਮਾਨ (ਨਿਡਰਓਸਟਰੁਚਟੁਰਏ), ਡਿਜੀਟਲ ਕੈਮਰੇ, ਸਾਟਵੇਅਰ ਬਨਵਾਉਣ/ਖਰੀਦਣ ਸੰਬੰਧੀ ਪਰਚੇਜ਼ ਕਮੇਟੀ ਦਾ ਗਠਨ ਕਰਨ ਬਾਰੇ:-**

4.1 **ਸਾਜ਼ੋ-ਸਮਾਨ ਬਾਰੇ:** ਇਸ ਬਾਰੇ ਮੈਂਬਰ ਸਕੱਤਰ ਨੇ ਬੋਰਡ ਦੇ ਮੈਂਬਰਾਂ ਸੰਨਮੁਖ ਪ੍ਰਚੇਜ਼ ਕਮੇਟੀ ਦੇ ਗਠਨ ਦਾ ਜੋ ਪ੍ਰਸਤਾਵ ਰੱਖਿਆ ਸੀ ਉਸ ਵਿੱਚ ਲੜੀ ਨੰ. 5 ਤੇ ਡਿਪਟੀ ਕੰਨਟਰੋਲਰ (ਵਿੱਤ ਤੇ ਲੇਖਾ) ਦੀ ਥਾਂ ਵਿੱਤ ਵਿਭਾਗ ਦਾ ਨੁਮਾਇੰਦਾ ਕਮੇਟੀ ਵਿੱਚ ਸ਼ਾਮਲ ਕਰਨ ਲਈ ਪ੍ਰਵਾਨ ਕੀਤਾ ਅਤੇ ਬੋਰਡ ਦੇ ਸਕੱਤਰ ਨੂੰ ਇਸ ਕਮੇਟੀ ਦੇ ਪ੍ਰਧਾਨ-ਕਮ-ਕਨਵੀਨਰ ਵੱਜੋਂ ਥਾਪਿਆ।

4.2 **ਡਿਜੀਟਲ ਕੈਮਰਿਆਂ ਦੀ ਖਰੀਦ ਬਾਰੇ**:- ਇਸ ਬਾਰੇ ਪ੍ਰਮੁੱਖ ਸਕੱਤਰ ਕਿਰਤ ਜੀ ਨੇ ਪ੍ਰੇਖਣ ਕੀਤਾ ਕਿ ਸ਼ਿਨਾਖਤੀ ਕਾਰਡ ਬਨਾਉਣ ਲਈ ਲਾਭਪਾਤਰੀਆਂ ਦੀ ਫ਼ੋਟੋ ਖਿਚਣ ਬਾਬਤ ਕੰਮ ਆਉਟਸੋਰਸ ਕੀਤਾ ਜਾਵੇ ਅਤੇ ਡਰਾਇਵਿੰਗ ਲਾਇਸੰਸ ਬਨਾਉਣ ਜਾਂ ਵੋਟਰ ਸ਼ਿਨਾਖਤੀ ਕਾਰਡ ਬਨਾਉਣ ਦੀ ਤਰਜ਼ ਤੇ ਲੋਕਲ ਫੋਟੋਗ੍ਰਾਫ਼ਰਾਂ ਦੇ ਪੈਨਲ ਤਿਆਰ ਕਰਕੇ ਰੇਟ ਫ਼ਿਕਸ ਕਰ ਲਏ ਜਾਣ। ਇਸ ਲਈ ਡਿਜੀਟਲ ਕੈਮਰਿਆਂ ਦੀ ਖ਼ਰੀਦ ਨਾ ਕਰਨ ਸੰਬੰਧੀ ਬੋਰਡ ਨੇ ਮਤਾ ਪਾਸ ਕੀਤਾ।

4.3 **ਕੰਪਯੁਟਰੀਕਰਨ ਅਤੇ ਸਾਫ਼ਟਵੇਅਰ ਬਨਵਾਉਣ/ਖਰੀਦਣ ਬਾਰੇ:-** ਬੋਰਡ ਵੱਲੋਂ ਪ੍ਰਾਪਤ ਹੋ ਰਹੇ ਫ਼ੰਡਾ ਬਾਬਤ ਅਤੇ ਉਸਾਰੀ ਕਿਰਤੀਆਂ ਦਾ ਬਤੌਰ ਲਾਭਪਾਤਰੀ ਇਕੱਲੇ-ਇਕੱਲੇ ਦਾ ਹਿਸਾਬ ਰਖਣ ਬਾਬਤ ਬੋਰਡ ਮੈਂਬਰਾਂ ਨੇ ਪ੍ਰੇਖਣ ਕਰਕੇ ਕਿਹਾ ਕਿ ਜੇਕਰ ਕੋਈ ਸਾਫ਼ਟਵੇਅਰ ਬਨਵਾਉਣ ਜਾਂ ਖਰੀਦਣਾਂ ਪੈਂਦਾ ਹੈ ਤਾਂ ਪ੍ਰਚੇਜ਼ ਕਮੇਟੀ ਰਾਹੀਂ ਖਰੀਦਿਆ ਜਾਵੇ ਪ੍ਰੰਤੂ ਇਸ ਤੋਂ ਪਹਿਲਾਂ ਇਸ ਸੰਬੰਧ ਵਿਚ ਭਾਰਤ ਸਰਕਾਰ ਨਾਲ ਵੀ ਸੰਪਰਕ ਵੀ ਕਰ ਲਿਆ ਜਾਵੇ ਕਿਉਂਜੋ ਉਨ੍ਹਾਂ ਪਾਸ ਵੀ ਅਜਿਹੇ ਸਾਫ਼ਟਵੇਅਰ ਅਮੂਮਨ ਹੁੰਦੇ ਹੀ ਹਨ।

**ਆਈਟਮ ਨੰ. 5: ਬੋਰਡ ਦਾ ਅਕਾਉਂਟ ਆਪਰੇਟ ਕਰਨ ਬਾਰੇ:-**

ਮੈਂਬਰ ਸਕੱਤਰ ਨੇ ਪ੍ਰਸਤਾਵ ਰੱਖਿਆ ਕਿ ਬੋਰਡ ਦੇ ਵਿੱਤੀ ਕਾਰਜਾਂ ਦੀ ਬਹੁਤਾਤ ਹੋਣ ਦੇ ਨਜ਼ਰੀਏ ਪੱਖੋਂ ਬੋਰਡ ਦਾ ਡੀ.ਡੀ.ਓ ਸਹਾਇਕ ਕਿਰਤ ਕਮਿਸ਼ਨਰ (ਸਦਰ) ਨੂੰ ਬਣਾਉਣਾ ਚਾਹੀਦਾ ਹੈ ਜਿਸ ਤੇ ਮੈਂਬਰਾਂ ਨੇ ਵਿਚਾਰ ਕਰਨ ਉਪਰੰਤ ਫ਼ੈਸਲਾ ਕੀਤਾ ਕਿ ਜਦੋਂ ਵੀ ਬੋਰਡ ਦਾ ਮੈਂਬਰ ਸਕੱਤਰ ਕਿਸੇ ਅਧਿਕਾਰੀ ਨੂੰ ਡੀ.ਡੀ.ਓ ਬਨਾਉਣਾ ਚਾਹੁੰਣ ਤਾਂ ਉਸ ਬਾਰੇ ਪ੍ਰਵਾਨਗੀ ਲਈ ਨੋਟ ਬਣਾ ਕੇ ਸਰਕਾਰ ਨੂੰ ਭੇਜਿਆ ਜਾਇਆ ਕਰੇ।

**ਆਈਟਮ ਨੰ. 6: ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਜ਼ ਵੈਲਫ਼ੇਅਰ ਬੋਰਡ ਦੇ ਫ਼ੰਡ ਦੀ ਮੌਜੂਦਾ ਸਥਿਤੀ:-**

6.1 ਮੈਂਬਰ ਸਕੱਤਰ ਨੇ ਬੋਰਡ ਦੇ ਮੈਂਬਰਾਂ ਨੂੰ ਜਾਣੂ ਕਰਵਾਇਆ ਕਿ ਬੋਰਡ ਦੀ ਪਹਿਲੀ ਮੀਟਿੰਗ ਵਿੱਚ ਮਿਤੀ 27.05.2009 ਤੱਕ ਬੋਰਡ ਪਾਸ 2.24 ਕਰੋੜ ਰੁਪਏ ਬਤੌਰ ਸੈਸ ਵੱਜੋਂ ਇਕੱਤਰ ਹੋ ਚੁਕੇ ਸਨ ਜੋ ਹੁਣ ਮਿਤੀ 29.07.2009 ਤੱਕ ਵਧ ਕੇ 8.60 ਕਰੋੜ ਹੋ ਚੁਕੇ ਹਨ। ਇਸ ਬਾਬਤ ਹੋਈ ਪ੍ਰਗਤੀ ਤੇ ਬੋਰਡ ਮੈਂਬਰਾਂ ਨੇ ਸੰਤੁਸ਼ਟੀ ਪ੍ਰਗਟਾਈ।

6.2 ਮੀਟਿੰਗ ਦੌਰਾਨ ਬੋਰਡ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਕੁਝ ਸਰਕਾਰੀ ਵਿਭਾਗਾਂ ਵੱਲੋਂ, ਖਾਸ ਕਰਕੇ ਮਿਉਂਨਿਪਲ ਕਮੇਟੀਆਂ ਵੱਲੋਂ ਨਿਰਮਾਣ ਕੀਤੀ ਜਾਣ ਵਾਲੀਆਂ ਪ੍ਰਾਈਵੇਟ ਬਿਲਡਿੰਗਜ਼ ਦਾ ਨਕਸ਼ਾ ਪਾਸ ਕਰਦੇ ਸਮੇਂ ਮਾਲਕਾਂ ਪਾਸੋਂ ਅਡਵਾਂਸ ਸੈਸ ਦੀ ਰਕਮ ਨਹੀ ਵਸੂਲੀ ਜਾ ਰਹੀ। ਪ੍ਰਮੁੱਖ ਸਕੱਤਰ ਜੀ ਨੇ ਕਿਹਾ ਕਿ ਇਸ ਵਿਸ਼ੇ ਸੰਬੰਧੀ ਏਜੰਡਾ ਤਿਆਰ ਕਰਕੇ ਅਜਿਹੇ ਵਿਭਾਗਾਂ ਅਤੇ ਖਾਸ ਕਰਕੇ ਡਾਇਰੈਕਟਰ ਸਥਾਨਕ ਸਰਕਾਰ ਨੂੰ ਭੇਜ ਕੇ ਉਨ੍ਹਾਂ ਨਾਲ ਮੀਟਿੰਗ ਰਖਵਾਈ ਜਾਵੇ ਤਾਂ ਜੋ ਸੈਸ ਲੈਣਾ ਸੁਨਿਸ਼ਚਿਤ ਕੀਤਾ ਜਾ ਸਕੇ।

**ਸ਼ਪਲੀਮੈਂਟਰੀ ਆਇਟਮ ਨੰ. 1:- ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਜ਼ ਵੈਲਫ਼ੇਅਰ ਬੋਰਡ ਦੀ ਪਹਿਲੀ ਮੀਟਿੰਗ ਮਿਤੀ 09.06.2009 ਦੀ ਮੱਦ ਨੰ. 7 ਅਧੀਨ ਲਏ ਗਏ ਫ਼ੈਸਲੇ ਦੀ ਕਾਰਵਾਈ ਬਾਰੇ।**

ਮਿਤੀ 09.06.2009 ਨੂੰ ਹੋਈ ਬੋਰਡ ਮੀਟਿੰਗ ਵਿੱਚ ਬੋਰਡ ਦੇ ਚੇਅਰਮੈਨ ਵੱਲੋਂ ਲਈ ਪੰਜ ਲੱਖ ਰੁਪਏ ਅਤੇ ਮੈਂਬਰ ਸਕੱਤਰ ਲਈ ਤਿੰਨ ਲੱਖ ਰੁਪਏ ਦੀ ਜੋ ਕਾਰਪਸ ਅਮਾਉਂਟ ਨਿਸ਼ਚਿਤ ਕੀਤੀ ਗਈ ਸੀ ਉਸ ਬਾਬਤ ਮੈਂਬਰ ਸਕੱਤਰ ਵੱਲੋਂ ਜੋ ਕਾਰਜ-ਮੰਤਵ ਸੁਝਾਏ, ਜਿੰਨ੍ਹਾਂ ਲਈ ਇਹ ਰਕਮ ਵਰਤੀ ਜਾ ਸਕੇਗੀ, ਨੂੰ ਬੋਰਡ ਮੈਂਬਰਾਂ ਨੇ ਸਰਵ ਸੰਮਤੀ ਨਾਲ ਸਵੀਕਾਰ ਕੀਤਾ।

**ਮੀਟਿੰਗ ਦਾ ਅੰਤ ਧੰਨਵਾਦ ਦੇ ਮਤੇ ਨਾਲ ਹੋਇਆ।**